BRAMPTON Service and Information Update

# ਕੋਵਿਡ-19 ਸਬੰਧੀ ਅੱਪਡੇਟ: ਬ੍ਰੈਂਪਟਨ ਕੋਰਟਹਾਊਸ ਜਾਣ ਤੇ ਲਾਜ਼ਮੀ ਸਕ੍ਰੀਨਿੰਗ

ਬ੍ਰੈਂਪਟਨ, ਓਨਟੈਰੀਓ (28 ਨਵੰਬਰ, 2020) – ਸੋਮਵਾਰ, 23 ਨਵੰਬਰ ਨੂੰ, ਸਿਟੀ ਆਫ ਬ੍ਰੈਂਪਟਨ, ਓਨਟੈਰੀਓ ਸਰਕਾਰ ਦੇ *ਓਨਟੈਰੀਓ ਨੂੰ ਸੁਰੱਖਿਅਤ ਅਤੇ ਖੁੱਲ੍ਹੇ ਰੱਖਣ ਸਬੰਧੀ ਫ੍ਰੇਮਵਰਕ (Keeping Ontario Safe and Open Framework)* ਦੇ ਗ੍ਰੇ-ਲੌਕਡਾਊਨ ਲੈਵਲ (Grey-Lockdown Level) ਵਿੱਚ ਦਾਖ਼ਲ ਹੋ ਗਈ ਸੀ। ਇਸਦੇ ਨਤੀਜੇ ਵਜੋਂ, 5 ਰੇਅ ਲਾਅਸਨ ਬੁਲੇਵਾਰਡ (5 Ray Lawson Boulevard) ਵਿਖੇ ਸਥਿਤ, ਓਨਟੈਰੀਓ ਕੋਰਟ ਆਫ ਜਸਟਿਸ ਪ੍ਰੋਵਿੰਸਿਅਲ ਔਫੈਂਸਿਜ ਕੋਰਟ (Ontario Court of Justice Provincial Offences Court), ਵਾਧੂ ਸੁਰੱਖਿਆ ਉਪਾਅ ਲਾਗੂ ਕਰੇਗੀ।

ਸੋਮਵਾਰ, 30 ਨਵੰਬਰ ਤੋਂ, ਪ੍ਰੋਵਿੰਸਿਅਲ ਔਫੈਂਸਿਜ ਕੋਰਟ (Provincial Offences Court) ਜਾਣ ਵਾਲੇ ਕਿਸੇ ਵੀ ਵਿਅਕਤੀ ਲਈ, ਲਾਜ਼ਮੀ ਔਨਲਾਈਨ ਕੋਵਿਡ-19 ਸਕ੍ਰੀਨਿੰਗ (mandatory online COVID-19 screening) ਪੂਰੀ ਕਰਨੀ ਜ਼ਰੂਰੀ ਹੈ। ਇਹ ਅਸੈਸਮੈਂਟ ਨਿਰਧਾਰਤ ਕਰੇਗਾ ਕਿ ਤੁਸੀਂ ਬਿਲਡਿੰਗ ਵਿੱਚ ਦਾਖ਼ਲ ਹੋ ਸਕਦੇ ਹੋ ਜਾਂ ਨਹੀਂ ਅਤੇ ਅੱਗੇ ਕੀ ਕਰਨਾ ਹੈ।

ਕੋਰਟਹਾਊਸ ਜਾਣ ਵਾਲੇ ਵਿਅਕਤੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਉਹ ਸਾਰੇ ਪੋਸਟ ਕੀਤੇ ਸਾਈਨ ਬੋਰਡਾਂ, ਨਿਰਦੇਸ਼ਾਂ ਅਤੇ ਕੋਵਿਡ-19 ਸਬੰਧੀ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨ।

ਕਿਰਪਾ ਕਰਕੇ ਕੋਰਟਹਾਊਸ ਸਿਰਫ਼ ਤਦ ਹੀ ਜਾਓ, ਜੇਕਰ ਬਹੁਤ ਜ਼ਿਆਦਾ ਜ਼ਰੂਰੀ ਹੋਵੇ। ਕੁਝ ਕੋਰਟ ਸਰਵਿਸਿਜ, ਔਨਲਾਈਨ ਉਪਲਬਧ ਹਨ। ਹੋਰ ਜਾਣਕਾਰੀ ਲਈ brampton.ca/courtservices ਤੇ ਜਾਓ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca